**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**13:10 Pm**

**ਮਿਤੀ: 26-06-2024**

BJP ਦੇ ਸੀਨੀਅਰ ਸਾਂਸਦ ਓਮ ਬਿਰਲਾ ਨੂੰ ਫਿਰ ਤੋਂ ਲੋਕ ਸਭਾ ਸਪੀਕਰ ਚੁਣ ਲਿਆ ਗਿਆ ਏ । ਉਹ ਆਵਾਜ਼ੀ ਵੋਟ ਨਾਲ ਚੁਣੇ ਗਏ ਕਿਉਂਕਿ ਵਿਰੋਧੀ ਧਿਰ ਜਿਸ ਨੇ ਕਾਂਗਰਸ ਦੇ ਸੰਸਦ ਮੈਂਬਰ ਕੇ. ਸੁਰੇਸ਼ ਨੂੰ ਇਸ ਅਹੁਦੇ ਲਈ ਮੈਦਾਨ ਵਿਚ ਉਤਾਰਿਆ ਸੀ, ਨੇ ਸਦਨ ਵਿਚ ਵੋਟਿੰਗ ਲਈ ਦਬਾਅ ਨਹੀਂ ਪਾਇਆ। ਉਨ੍ਹਾਂ ਦੀ ਚੋਣ ਤੋਂ ਬਾਅਦ, ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ, ਸ੍ਰੀ ਬਿਰਲਾ ਨੂੰ ਸਪੀਕਰ ਦੀ ਕੁਰਸੀ ਤੱਕ ਲੈ ਕੇ ਗਏ।

---------------------------------------------------------

ਮਹਾਰਾਸ਼ਟਰ ਦੀ ਲਾਤੂਰ ਪੁਲਿਸ ਨੇ ਮੈਡੀਕਲ ਗ੍ਰੈਜੂਏਟ ਪ੍ਰੀਖਿਆ - NEET ਘੁਟਾਲੇ ਦੇ ਇੱਕ ਹੋਰ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਏ । ਦੋਸ਼ੀ ਦਾ

ਨਾਂ ਸੰਜੇ ਜਾਧਵ ਏ। ਹੁਣ ਤੱਕ ਚਾਰ ਵਿੱਚੋਂ ਦੋ ਮੁਲਜ਼ਮ ਗ੍ਰਿਫ਼ਤਾਰ ਹੋ ਚੁੱਕੇ ਨੇ। ਪੁਲੀਸ ਨੇ ਕੁੱਲ ਚਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਏ। ਲਾਤੂਰ ਜ਼ਿਲਾ ਪ੍ਰੀਸ਼ਦ ਸਕੂਲ ਦੇ ਅਧਿਆਪਕ ਜਲੀਲ ਖਾਨ ਪਠਾਨ ਨੂੰ ਐਤਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

---------------------------------------------------------

ਇਸ ਦੌਰਾਨ ਕੇਂਦਰ ਸਰਕਾਰ ਵਲੋਂ ਪੇਪਰ ਲੀਕ ਮਾਮਲੇ ਵਿਚ ਕੀਤੀ ਗਈ ਤੁਰੰਤ ਕਾਰਵਾਈ ਤੇ ਆਮ ਲੋਕ ਕਾਫੀ ਸੰਤੁਸ਼ਟ ਨੇ। ਲੋਕਾਂ ਦਾ ਕਹਿਣਾ ਏ ਕਿ ਸਰਕਾਰ ਦੀ ਕਾਰਵਾਈ ਸ਼ਲਾਘਾਯੋਗ ਏ।

---------------------------------------------------------

ਨਸ਼ਿਆਂ ਦੀ ਰੋਕਥਾਮ ਲਈ ਹਰ ਸਾਲ 26 ਜੂਨ ਨੂੰ ਕੌਮਾਂਤਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਜਾਂਦਾ ਏ। ਸੰਯੁਕਤ ਰਾਸ਼ਟਰ ਮਹਾਸਭਾ ਨੇ ਆਪਣੇ ਇੱਕ ਮਤੇ ਵਿੱਚ 7 ਦਸੰਬਰ 1987 ਤੋਂ ਇ ਸਨੂੰ ਮਨਾਉਣ ਦਾ ਫੈਸਲਾ ਕੀਤਾ ਸੀ। ਇਸ ਦਾ ਉਦੇਸ਼ ਲੋਕਾਂ ਨੂੰ ਨਸ਼ੇ ਦੀ ਭੈੜੀ ਆਦਤ ਤੋਂ ਮੁਕਤ ਕਰਨਾ ਅਤੇ ਉਨ੍ਹਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣਾ ਏ। ਇਸ ਮੌਕੇ ਤੇ ਪੰਜਾਬ ਪੁਲਿਸ ਦੇ ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ

ਕਿ ਪੁਲਿਸ ਵਲੋਂ ਜਬਤ ਕੀਤੇ ਗਏ ਵੱਖ ਵੱਖ ਕਿਸਮ ਦੇ ਨਸ਼ੇ ਨੂੰ ਅੱਜ ਸਾੜਿਆ ਜਾ ਰਿਹਾ ਏ।

----------------------------------------------------

ਨੈਸ਼ਨਲ ਕੈਡਿਟਸ ਕੋਰ ਐਨ ਸੀ ਸੀ ਦਾ ਸਲਾਨਾ ਸਾਂਝਾ ਟਰੇਨਿੰਗ ਕੈਂਪ ਡੀ ਏ ਵੀ ਯੂਨੀਵਰਸਿਟੀ ਜਲੰਧਰ ਵਿੱਚ ਚੱਲ ਰਿਹਾ ਏ। ਕੋਈ 600 ਕੈਡਿਟਸ ਇਸ ਵਿਚ ਭਾਗ ਲੈ ਰਹੇ ਨੇ। ਕੈਂਪ ਕਮਾਂਡੈਂਟ ਕਰਨਲ ਵਿਨੋਦ ਜੋਸ਼ੀ ਨੇ ਦੱਸਿਆ ਕਿ ਜਲੰਧਰ ਗਰੁੱਪ ਦੀਆਂ ਛੇ ਬਟਾਲੀਅਨਾਂ ਤੋਂ ਆਏ 102 ਕੈਡਿਟਸ ਥਲ ਸੈਨਾ ਕੈਂਪ ਦਿੱਲੀ ਵਿੱਚ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਲਈ ਵੀ ਟ੍ਰੇਨਿੰਗ ਲੈ ਰਹੇ ਨੇ। ਉਨਾਂ ਕਿਹਾ ਕਿ ਇਹ ਕੈਂਪ ਬਹੁਮੁਖੀ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਚਲਾਇਆ ਜਾ ਰਿਹਾ ਏ ਜਿਸ ਵਿੱਚ ਕੈਡਿਟਸ ਨੂੰ ਡਰਿਲ ਅਤੇ ਹਥਿਆਰਾਂ ਦੀ ਟ੍ਰੇਨਿੰਗ ਦੇ ਨਾਲ ਨਾਲ ਫੀਲਡ ਕ੍ਰਾਫਟ, ਬੈਟਲ ਕਰਾਫਟ, ਮਾਨ ਚਿੱਤਰਾਂ ਦੀ ਪੜ੍ਹਾਈ ਅਤੇ ਹੋਰ ਫ਼ਿਜ਼ੀਕਲ ਕਿਰਿਆਵਾਂ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਏ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਲਈ ਬਹੁਤ ਸਾਰੇ ਗੈਸਟ ਲੈਕਚਰ ਵੀ ਰੱਖੇ ਗਏ ਨੇ। ਕੈਂਪ ਦੇ ਪ੍ਰਸ਼ਾਸਨਿਕ ਅਧਿਕਾਰੀ

ਕਰਨਲ ਦਲਜੀਤ ਔਲਖ ਨੇ ਦੱਸਿਆ ਕਿ ਇਹ 10 ਦਿਨ ਦੇ ਇਸ ਕੈਂਪ ਵਿੱਚ ਪੰਜ ਐਨ ਸੀ ਸੀ ਐਸੋਸੀਏਟ ਅਫਸਰ ਅਤੇ 40 ਥਲ ਸੈਨਾ ਦੇ ਟ੍ਰੇਨਿੰਗ ਅਧਿਕਾਰੀ ਨਿਯੁਕਤ ਕੀਤੇ ਗਏ ਨੇ। ਕੈਡਿਟਸ ਨੂੰ ਰੋਜ਼ਾਨਾ 14 ਘੰਟੇ ਟ੍ਰੇਨਿੰਗ ਦਿੱਤੀ ਜਾਵੇਗੀ।

-----------------------------------------------------------

ਕੇਂਦਰ ਸਰਕਾਰ ਵਲੋਂ ਤਿਆਰ ਤਿੰਨ ਨਵੇਂ ਕਾਨੂੰਨ ਪਹਿਲੀ ਜੁਲਾਈ ਤੋਂ ਲਾਗੂ ਹੋਣ ਜਾ ਰਹੇ ਨੇ। ਇਨਾਂ ਬਾਰੇ ਕਾਨੂੰਨ ਮਾਹਰ ਕਾਫੀ ਆਸਵੰਦ ਨੇ ਅਤੇ ਇਨਾਂ ਨੂੰ ਸਮੇਂ ਮੁਤਾਬਕ ਬਣਾਇਆ ਮੰਨਦੇ ਨੇ।

-----------------------------------------------------------

ਪਟਿਆਲਾ ਜ਼ਿਲੇ ਦੇ ਹਲਕਾ ਘਨੌਰ ਦੇ ਅਧੀਨ ਪੈਂਦੇ ਪਿੰਡ ਚਤਰ ਨਗਰ ਨੌਗਾਵਾ ਵਿਚ ਜ਼ਮੀਨੀ ਝਗੜੇ ਨੂੰ ਲੈ ਕੇ ਦੋ ਧਿਰਾਂ ਵਿਚ ਅੰਨ੍ਹੇਵਾਹ ਚੱਲੀਆਂ ਗੋਲ਼ੀਆਂ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਦੋ ਗੰਭੀਰ ਜ਼ਖਮੀ ਹੋਏ ਨੇ। ਜਾਣਕਾਰੀ ਮੁਤਾਬਕ ਮ੍ਰਿਤਕਾਂ ਵਿਚ ਪਿਓ-ਪੁੱਤ ਸ਼ਾਮਲ ਨੇ। ਜਾਣਕਾਰੀ ਅਨੁਸਾਰ ਇਹ ਝਗੜਾ 30 ਏਕੜ ਪੈਲ਼ੀ ਨੂੰ ਲੈ ਕੇ ਹੋਇਆ ਏ । ਦੋਵੇਂ ਧਿਰਾਂ ਉਸ ਜ਼ਮੀਨ 'ਤੇ ਕਬਜ਼ਾ ਲੈਣ ਲਈ

ਪਹੁੰਚੀਆਂ ਹੋਈਆਂ ਸਨ, ਜਿੱਥੇ ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਇਕ ਧਿਰ ਦੇ ਦੋ ਵਿਅਕਤੀਆਂ ਦੀ ਅਤੇ ਦੂਸਰੇ ਧਿਰ ਦੇ ਇਕ ਵਿਅਕਤੀ ਦੀ ਮੌਤ ਹੋਈ ਏ। ਇਸ ਖ਼ੂਨੀ ਕਾਂਡ ਵਿਚ ਦੋ ਵਿਅਕਤੀ ਗੰਭੀਰ ਜ਼ਖਮੀ ਵੀ ਹੋਏ ਨੇ। ਵਾਰਦਾਤ ਦੀ ਸੂਚਨਾ ਮਿਲਣ ਤੋਂ ਬਾਅਦ ਵੱਡੀ ਗਿਣਤੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।